Weekly

# CANADA SIKH TIMES

16 - 22 March 2024

ਕੈਨੇਡਾ ਸਿੱਖ ਟਾਈਮਜ਼

Volume 2 Issue 11

• RELIGION • CULTURE • HERITAGE • BUSINESS

## Sikh officer Parjeet Singh Dhillon Joins California Police Team



Parjeet Singh Dhillon has joined California's Riverside Police Department in pursuit of his dreams. "We would like to congratulate Police Officer Parjeet Dhillon on joining the ranks of law enforcement and also keeping his faith intact," according to a social media entry by the New York-based Sikh Officers Association. In the note, it shared Parjeet's thoughts on joining the the ranks of law enforcement. "Ever since I was young I always knew I wanted to choose a profession that served a purpose greater than myself. I was always invested in selfless service something that I was taught through Sikhi." he said. Parjeet has a Bachelor of Business Administration in Computer and Information Systems Security/Information Assurance from California State Polytechnic University-Pomona.

## ਪੰਜਾਬ ਦਾ ਗੁਰਸਿੱਖ ਨੌਜਵਾਨ ਮਨਸਿਮਰਤ ਸਿੰਘ ਸਿੰਗਾਪੁਰ ਵਿਚ ਬਣਿਆ ਫ਼ੌਜੀ ਅਫ਼ਸਰ



ਨਿਊਜ਼ੀਲੈਂਡ ਅਤੇ ਦੇਸ਼-ਵਿਦੇਸ਼ ਵਸਦੇ ਭਾਰਤੀ ਭਾਈਚਾਰੇ ਨੂੰ ਇਸ ਗੱਲ ਦੀ ਖ਼ੁਸ਼ੀ ਹੋਵੇਗੀ ਕਿ 2021 ਦੇ ਵਿਚ ਇਥੇ ਦੀ ਫ਼ੌਜ ਵਿਚ ਭਰਤੀ ਹੋਇਆ 21 ਸਾਲਾ ਸਿੱਖ ਨੌਜਵਾਨ ਮਨਸਿਮਰਤ ਸਿੰਘ ਨੇ ਅਗਲੀ ਮੱਲ ਮਾਰਦਿਆਂ ਨਿਊਜ਼ੀਲੈਂਡ ਫ਼ੌਜ ਵਲੋਂ ਸਿੰਗਾਪੁਰ ਵਿਖੇ 'ਐਸ. ਏ. ਐਫ਼.ਟੀ. ਆਈ. ਮਿਲਟਰੀ ਇੰਸਟੀਚਿਊਟ' ਵਿਚ ਹੋਈ 'ਆਫ਼ੀਸਰ ਕੈਡਿਟ ਕਮਿਸ਼ਨਿੰਗ ਪ੍ਰੇਡ' ਵਿਚ ਹਿੱਸਾ ਲੈ ਕੇ 'ਫ਼ੌਜੀ ਅਫ਼ਸਰ' ਦਾ ਔਹਦਾ ਪ੍ਰਾਪਤ ਕੀਤਾ ਹੈ ਅਤੇ ਸੱਭ ਤੋਂ ਉੱਚਾ ਪੁਰਸਕਾਰ "ਸਵੋਰਡ ਆਫ਼ ਆਨਰ" ਨਾਲ ਵੀ ਨਵਾਜਿਆ ਗਿਆ। ਨਿਊਜ਼ੀਲੈਂਡ ਦੀ ਆਰਮੀ ਵਿਚ ਬੀਤੇ 2 ਸਾਲਾਂ ਵਿਚ ਇਹ ਪਹਿਲਾ ਨੌਜਵਾਨ ਹੈ ਜਿਸ ਨੂੰ ਕਮਿਸ਼ਨ ਪੱਧਰ ਦਾ ਰੈਂਕ ਮਿਲਿਆ ਹੈ। ਇਸ ਪ੍ਰਵਾਰ ਦਾ ਜੱਦੀ ਪਿੰਡ ਬੌੜ ਤਹਿਸੀਲ ਖਮਾਣੋਂ ਜ਼ਿਲ੍ਹਾ ਫ਼ਤਿਹਗੜ੍ਹ ਸਾਹਿਬ ਹੈ। 1998 ਵਿਚ ਇਹ ਪ੍ਰਵਾਰ ਇਥੇ ਆਇਆ ਸੀ। ਇਸ ਨੌਜਵਾਨ ਨੇ ਮੈਕਲੀਨ ਕਾਲਜ ਦੇ ਵਿਚ ਪੜ੍ਹਾਈ ਸ਼ੁਰੂ ਕੀਤੀ ਅਤੇ ਫਿਰ ਸਕਾਲਰਸ਼ਿਪ ਦੇ ਨਾਲ ਇਕ ਵਕਾਰੀ ਕਾਲਜ ਸੇਂਟ ਕੇਂਟੀਗਰਨ ਪਾਕੂਰੰਗਾ ਵਿਖੇ ਬਾਕੀ ਦੀ ਪੜ੍ਹਾਈ ਪੂਰੀ ਕੀਤੀ। ਜ਼ਿਕਰਯੋਗ ਹੈ ਮਨਸਿਮਰਤ ਸਿੰਘ ਹਾਕੀ ਤੇ ਗਤਕਾ ਵੀ ਖੇਡਣ ਦੇ ਨਾਲ ਨਾਲ ਸੋਹਣਾ ਗੁਰਬਾਣੀ ਕੀਰਤਨ ਵੀ ਕਰ ਲੈਂਦਾ ਹੈ।

## ਇੰਗਲੈਂਡ ਦੀ ਪਾਰਲੀਮੈਂਟ ਵਿਚ ਗੂੰਜੇਗੀ ਇਕ ਹੋਰ ਉਘੇ ਸਿੱਖ ਵਿਦਵਾਨ ਦੀ ਆਵਾਜ਼




ਵਿਦੇਸ਼ਾਂ ਵਿਚ ਜਾ ਕੇ ਰੋਟੀ ਰੋਜ਼ੀ ਦੀ ਖ਼ਾਤਰ ਵਸੇ ਸਿੱਖਾਂ ਨੇ ਧਾਰਮਕ ਸਭਿਆਚਾਰਕ ਅਤੇ ਆਰਥਕ ਤੌਰ 'ਤੇ ਅਪਣੀ ਵੱਖਰੀ ਪਛਾਣ ਬਣਾਈ ਹੈ। ਇਸ ਨਾਲ ਉਥੋਂ ਦੀ ਰਾਜਨੀਤੀ ਵਿਚ ਵੀ ਅਪਣੀ ਬਹੁਤ ਵੱਡੀ ਭੂਮਿਕਾ ਨਿਭਾਈ ਹੈ। ਇਸੇ ਤਰ੍ਹਾਂ ਹੀ ਜ਼ਿਲ੍ਹਾ ਤਰਨਤਾਰਨ ਅਧੀਨ ਪੈਂਦੇ ਕਸਬਾ ਫ਼ਤਿਆਬਾਦ ਦੇ ਜੰਮਪਲ ਉਘੇ ਸਿੱਖ ਵਿਦਵਾਨ **ਸ. ਪ੍ਰਭਦੀਪ ਸਿੰਘ** ਯੂ.ਕੇ. ਨੇ ਪਿਛਲੇ ਲੰਮੇ ਸਮੇਂ ਤੋਂ ਧਾਰਮਕ ਤੌਰ 'ਤੇ ਅਪਣੀ ਬਹੁਤ ਵੱਡੀ ਪਛਾਣ ਬਣਾਈ ਹੈ। ਪਿਛਲੇ ਦਿਨਾਂ ਵਿਚ ਯੂ.ਕੇ. ਦੀ ਸਰਕਾਰ ਨੇ ਲੋਕਾਂ ਤੇ ਨਿਤ ਦੀਆਂ ਵਰਤੋਂ ਵਾਲੀਆਂ ਚੀਜ਼ਾਂ 'ਤੇ ਵੱਡੇ ਟੈਕਸਾਂ ਦਾ ਬੋਝ ਪਾਇਆ ਤਾਂ ਪ੍ਰਭਦੀਪ ਸਿੰਘ ਨੇ ਲੰਡਨ ਦੇ ਮੇਅਰ ਤਕ ਆਵਾਜ਼ ਪਹੁੰਚਾਉਣ ਲਈ ਭੁੱਖ ਹੜਤਾਲ ਰੱਖ ਕੇ ਸਰਕਾਰ ਦਾ ਧਿਆਨ ਖਿੱਚਿਆ। ਹੁਣ ਯੂ.ਕੇ. ਦੇ ਲੋਕ ਪ੍ਰਭਦੀਪ ਸਿੰਘ ਨੂੰ ਲੀਡਰ ਬਣਾਉਣਾ ਚਾਹੁੰਦੇ ਹਨ। ਰਿਫ਼ੌਰਮ ਪਾਰਟੀ ਯੂ.ਕੇ. ਵਲੋਂ ਸੰਸਦੀ ਚੋਣਾਂ ਲਈ ਦੋ ਹਲਕਿਆਂ ਤੋਂ ਅਪਣਾ ਉਮੀਦਵਾਰ ਬਣਾਇਆ ਗਿਆ ਹੈ। ਪੱਤਰਕਾਰ ਨਾਲ ਫ਼ੋਨ 'ਤੇ ਗੱਲਬਾਤ ਕਰਦਿਆਂ ਪ੍ਰਭਦੀਪ ਸਿੰਘ ਨੇ ਕਿਹਾ ਕਿ ਉਹ ਸੰਸਦ ਵਿਚ ਸਿੱਖਾਂ ਅਤੇ ਹੋਰ ਲੋਕਾਂ ਦੀਆਂ ਮੁਸ਼ਕਲਾਂ ਦੀ ਆਵਾਜ਼ ਯੂ ਕੇ ਦੀ ਸੰਸਦ ਵਿਚ ਜ਼ੋਰ ਸ਼ੋਰ ਨਾਲ ਉਠਾਉਣਗੇ।

## DESH VIDESH

# Bees, Millets & More
# How Rural Punjab Women are Climbing the Success Ladder

Age is just a number when it comes to success in life. A few women from rural Punjab have shown that they can break the stereotype at any age. They may not be earning a six-figure salary but are equally happy. On this International Women's Day, meet the rural women who are gaining confidence with each passing day.

### Harjinder Kaur Uppal (33), Muktsar



Often called 'man of the house' by villagers, Harjinder is a popular face not just in her village but in the entire district. Donning a kurta pajama or sometimes even a half pant, she is mostly seen working in fields. However, there is a painful story behind the now confident face. "My father died in 1999 and my two brothers passed away in 1997 and 2000. We are a house full of mostly women — my mother, sister — and her teenaged son. I have been doing all the farming myself on our 5 acres for years now to reduce the input costs, except for paddy transplantation. I use natural manures and very less urea. I plough the fields with tractor, do harvesting and even take my crop to the mandis," she said, adding that her sister takes care of the cattle and her son.

### Karamjit Kaur (39), Dangarkhera, Fazilka

For 39-year-old Karamjit Kaur, age was just a number



to start a new venture. She underwent a training on making products using millets in June last year and by November, she had started selling Bajra pinnis.

"I have studied till class 8 and used to sew clothes and do a little bit of embroidery for a couple of women in my village. I liked making suits and salwars and wanted to learn more of stitching but I was told that I need at least pass class 12 for that. But I didn't lose hope and one day went to Krishi Vigyan Kendra in Abohar district and got to know about classes on millets cooking. I got myself enrolled and since then, there has been no looking back.

### Sukhpal Kaur (39), Panjawa, Fazilka



When her husband took to the bed after a spine problem, Sukhpal had to undergo training at PAU to keep the family's beekeeping work alive. "I took the reins of the family in 2012 and now I am an expert. I had started with 25 boxes and now I can handle around 300 myself. My husband is better now so we both handle the work together," Sukhpal says, adding that boxes have to be taken to Ganganagar, Jammu and Kashmir, Bharatpur, Hoshiarpur and Abohar.

### Sarabjeet Kaur Chaina (58), Chaina, Faridkot



Sarabjeet, who is an expert in millet cooking, is popular in Kheti Virasat Mission (KVM) — an NGO that promotes natural farming. She often sets up stalls at melas or even organises small cooking classes for women. On February 4, she Sarabjeet along with a few other members of KVM had also put up a millet stall at a wedding in Faridkot. "We served millet tikki, bhalle, soup and biryani at the wedding. We will be attending a flower show in Bathinda next where we will sell bajra and ragi cutlet, dahi bhalle, pakode (of ragi and smaak ka aata), ragi husk tea and kodra soup, all cooked in organic mustard oil," she said.

Courtesy : Raakhi Jagga (Indian Express)



# HERITAGE

## ਸਿੱਖ ਨੌਜਵਾਨ ਦਾ 'ਫੋਰਬਸ ਮੈਗਜ਼ੀਨ ਅੰਡਰ 30' ਦੀ ਸੂਚੀ 'ਚ ਹੋਇਆ ਨਾਂ ਸ਼ਾਮਲ



ਫਿਊਚਰਡਾਕਟਰ ਦੇ ਸਹਿ ਸੰਸਥਾਪਕ ਅਤੇ ਸੀ.ਈ.ਓ. ਅਮਨਦੀਪ ਗਰੇਵਾਲ ਨੂੰ ਨਾ ਸਿਰਫ਼ ਇਕ ਡਾਕਟਰ ਵਜੋਂ ਜਾਣਿਆ ਜਾਂਦਾ ਹੈ, ਸਗੋਂ ਕਈ ਸਟਾਰਟ ਐਪਸ ਨਾਲ ਇਕ ਸਫਲ ਉੱਦਮੀ ਵਜੋਂ ਵੀ ਜਾਣਿਆ ਜਾਂਦਾ ਹੈ। ਉਸ ਨੇ 25 ਸਾਲ ਦੀ ਉਮਰ ਵਿਚ ਅਪਣੀ ਡਾਕਟਰ ਦੀ ਪੜ੍ਹਾਈ ਪੂਰੀ ਕੀਤੀ ਅਤੇ ਅੱਜ ਉਹ ਬਾਹਰੀ ਕੰਮ ਕਾਜ ਤੋਂ ਬਿਨ੍ਹਾਂ 1 ਮਿਲੀਅਨ ਯੂਰੋ ਤੋਂ ਵੱਧ ਦੇ ਸਲਾਨਾ ਟਰਨਓਵਰ ਵਾਲੀਆਂ ਕੰਪਨੀਆਂ ਨੂੰ ਸੰਭਾਲ ਰਿਹਾ ਹੈ। ਉਸ ਨੂੰ ਸਮਾਜ ਪ੍ਰਤੀ ਨਿਭਾਈਆਂ ਸੇਵਾਵਾਂ ਕਰਕੇ ਜਰਮਨੀ ਦੇ ਰਾਸ਼ਟਰਪਤੀ ਵਾਲਟਰ ਸ਼ਟਾਇਨਮਾਇਰ ਵਲੋਂ ਸਨਮਾਨਿਤ ਕੀਤਾ ਜਾ ਚੁੱਕਿਆ ਹੈ। ਉਸ ਦਾ ਨਾਂ ਆਸਟਰੀਆ ਦੀ ਫੋਰਬਸ ਮੈਗਜ਼ੀਨ 'ਅੰਡਰ 30' ਸੂਚੀ 'ਚ ਦਰਜ ਹੋਇਆ ਹੈ। ਅਮਨਦੀਪ ਸਿੰਘ ਦੇ ਮਾਤਾ-ਪਿਤਾ ਪੰਜਾਬ ਤੋਂ ਹਨ। ਮਾਤਾ ਅਮਰਜੋਤ ਕੌਰ ਸੀਨੀਅਰ ਡਾਕਟਰ ਦੀ ਸੇਵਾਵਾਂ ਤੋਂ ਰਿਟਾਇਰ ਹੋਣ ਉਪਰੰਤ ਆਪਣਾ ਕਲੀਨਿਕ ਚਲਾ ਰਹੇ ਹਨ ਅਤੇ ਪਿਤਾ ਪਰਮਜੀਤ ਸਿੰਘ ਗਰੇਵਾਲ ਸਰਕਾਰੀ ਦੁਭਾਸ਼ੀਏ ਵਜੋਂ ਕਾਰਜਸ਼ੀਲ ਹਨ।

## ਪਾਕਿਸਤਾਨ ਪੰਜਾਬ ਦੇ ਸਕੂਲਾਂ ਵਿਚ ਪੰਜਾਬੀ ਪੜ੍ਹਾਉਣ ਦਾ ਐਲਾਨ ਸ਼ਲਾਘਾਯੋਗ

ਬੀਤੇ ਦਿਨੀਂ 9 ਮਾਰਚ ਨੂੰ ਪੰਜਾਬ ਸੱਭਿਆਚਾਰ ਦਿਵਸ ਸਮਾਗਮ ਤਹਿਤ ਪਾਕਿਸਤਾਨ ਵਿੱਚ ਪੰਜਾਬ ਦੀ ਮੁੱਖ ਮੰਤਰੀ ਮਰੀਅਮ ਨਵਾਜ਼ ਨੇ ਇਹ ਐਲਾਨ ਕੀਤਾ ਹੈ ਕਿ ਸੂਬੇ ਦੇ ਸਕੂਲਾਂ ਵਿੱਚ ਪੰਜਾਬੀ ਨੂੰ ਵਿਸ਼ੇ ਵਜੋਂ ਪੜ੍ਹਾਉਣਾ ਸ਼ੁਰੂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਲਹਿੰਦੇ ਪੰਜਾਬ ਅੰਦਰ ਪੰਜਾਬੀ ਨੂੰ ਸਕੂਲਾਂ ਅੰਦਰ ਮੁੱਢਲੀ ਜਮਾਤਾਂ ਤੋਂ ਹੀ ਵਿਸ਼ੇ ਵਜੋਂ ਪੜ੍ਹਾਇਆ ਜਾਣਾ ਚਾਹੀਦਾ ਹੈ ਅਤੇ ਉੱਥੋਂ ਦੀ ਸੂਬਾ ਸਰਕਾਰ ਨੂੰ ਆਪਣੇ ਵੱਲੋਂ ਕੀਤੇ ਗਏ ਐਲਾਨ ਨੂੰ ਤੁਰੰਤ ਅਮਲੀ ਰੂਪ ਦੇਣਾ ਚਾਹੀਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਨਵੀਂ ਬਣੀ ਮੁੱਖ ਮੰਤਰੀ ਮਰੀਅਮ ਨਵਾਜ਼ ਵੱਲੋਂ ਪੰਜਾਬੀ ਪੜ੍ਹਾਉਣ ਸਬੰਧੀ ਕੀਤੇ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਪੰਜਾਬੀ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਲੋਕਾਂ ਦੀ ਮਾਂ ਬੋਲੀ ਹੈ, ਜੋ ਕਿ ਨਵੀਂ ਪੀੜ੍ਹੀ ਨੂੰ ਪੜ੍ਹਾਈ ਜਾਣੀ ਬੇਹੱਦ ਜ਼ਰੂਰੀ ਹੈ।

## 31 ਮਾਰਚ ਤੋਂ ਆਦਮਪੁਰ ਏਅਰਪੋਰਟ ਤੋਂ ਸ਼ੁਰੂ ਹੋਣਗੀਆਂ ਘਰੇਲੂ ਉਡਾਣਾਂ

ਜਨਤਾ ਦੀ ਇਸ ਮੰਗ ਨੂੰ ਵੇਖਦਿਆਂ ਹੋਇਆਂ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਲਗਾਤਾਰ ਚਿੱਠੀਆਂ ਅਤੇ ਵਿਸ਼ੇਸ਼ ਤੌਰ ਮੇ ਮਿਲ ਕੇ ਆਦਮਪੁਰ ਏਅਰਪੋਰਟ ਚਲਾਉਣ ਲਈ ਯਤਨ ਕਰ ਰਹੇ ਸਨ। ਪੰਜਾਬੀਆਂ ਦੀ ਲੰਬੇ ਸਮੇਂ ਦੀ ਇਸ ਮੰਗ ਨੂੰ ਪ੍ਰਧਾਨ ਮੰਤਰੀ ਜੀ ਨਰਿੰਦਰ ਮੋਦੀ ਅਤੇ ਉਡਾਣ ਮੰਤਰੀ ਜਯੋਤੀਰਾਦਿੱਤਿਆ ਸਿੰਧੀਆ ਨੇ ਸਵੀਕਾਰ ਕੀਤਾ ਅਤੇ ਆਦਮਪੁਰ ਤੋਂ ਚੱਲਣ ਵਾਲੀ ਉਡਾਣ ਨੂੰ ਹਰੀ ਝੰਡੀ ਦੇ ਦਿੱਤੀ। ਉਡਾਣਾ ਬਾਰੇ ਜਾਣਕਾਰੀ ਦਿੰਦਿਆਂ ਸੋਮ ਪ੍ਰਕਾਸ਼ ਨੇ ਦੱਸਿਆ ਕਿ ਇਹ ਘਰੇਲੂ ਉਡਾਣਾ 31 ਮਾਰਚ 2024 ਤੋਂ ਸ਼ੁਰੂ ਹੋਣਗੀਆਂ।

## Canada Made Over 4 Lakh People Permanent Residents Last Year

In 2023, Canada welcomed over four lakh people by making them permanent residents. As per the latest data, issued by Immigration, Refugees and Citizenship Canada, over 1.3 lakh of these new citizens were Indians. As per the data released by IRCC, Canada exceeded its target for the number of permanent residents it planned to allow in 2023. Canada had planned to admit only 465,000 residents. However, as per the data released, 471,550 new permanent residents were admitted. Amongst these new permanent residents, the maximum number of admissions were given to Indians. As per the data available, around 139,715 Indians were given a Canadian PR. Along with India, Citizens from China, the Philippines, Afghanistan and Nigeria were granted the status of permanent residents.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. ਗੁਰਬਾਣੀ ਅਨੁਸਾਰ ਸਿਖ ਧਰਮ ਵਿੱਚ ਹੇਠ ਲਿਖੇ ਵਿਚੋਂ ਕੀ ਪ੍ਰਵਾਨ ਹੈ?**

a. ਕਰਾਮਾਤ b. ਵਰ
c. ਸ਼ਰਾਪ d. ਇਹਨਾਂ ਵਿਚੋਂ ਕੁਝ ਵੀ ਨਹੀਂ

**2. ਸਿੱਖ ਧਰਮ ਵਿੱਚ ਆਸਥਾ ਦਾ ਮੁੱਖ ਆਧਾਰ ਕੀ ਹੈ?**

a. ਇਕ ਅਕਾਲ ਪੁਰਖ ਤੇ ਨਿਸ਼ਚਾ
b. ਕੇਵਲ ਗੁਰੂ ਗ੍ਰੰਥ ਸਾਹਿਬ ਦਾ ਹਿਰਦੇ ਵਿੱਚ ਪ੍ਰਕਾਸ਼
c. ਕਿਰਤ ਕਰਨੀ ਤੇ ਵੰਡ ਛਕਣਾ
d. ਇਹ ਸਾਰੇ ਹੀ

**3. ਗੁਰਬਾਣੀ ਅਨੁਸਾਰ ਰਬੀ ਹੁਕਮ ਵਿਚ ਚਲਣ ਦਾ ਕੀ ਅਰਥ ਹੈ?**

a. ਕੁਦਰਤ ਦੇ ਨਿਯਮਾਂ ਨੂੰ ਸਮਝਣਾ
b. ਰਬੀ ਗੁਣਾਂ ਨੂੰ ਵਿਚਾਰਨਾ
c. ਰਬੀ ਗੁਣਾਂ ਨੂੰ ਜੀਵਨ ਵਿਚ ਅਪਣਾਉਣਾ
d. ਇਹ ਸਾਰੇ ਕੰਮ

**4. ਇਕ ਸਿੱਖ ਨੂੰ ਹੇਠ ਵਿਚੋਂ ਕਿਸ ਤੇ ਭਰੋਸਾ ਕਰਨਾ ਚਾਹੀਦਾ ਹੈ?**

a. ਸ਼ਗਨ ਅਪਸ਼ਗਨ b. ਘਰ ਅਗੇ ਨਜਰ ਬਟੂ ਤੇ
c. ਨਵੀ ਗਡੀ ਅਗੇ ਕਾਲੀ ਗੁਤ ਤੇ d. ਕਿਸੀ ਤੇ ਵੀ ਨਹੀ

**5. A Sikh must wear Dastar (Turban) because:**

a. It is obligatory b. Article of faith
c. Proud headgear d. All these reasons

(ਦੇਖੋ ਉੱਤਰ ਪੰਨਾ 4 'ਤੇ)

## CAREER COUNSELLING

# *Few tips to become Good Team Leader*



Narinder Pal Singh

This article talks about risk taking capacity of an Indian businessman, who built PVR into a 17,000 Crore Indian Rupees Multiplex Cinema Chain.

- At the age 22, Mr. Ajay Bijli joined his father's transportation business - Amritsar Transport Company. Started learning about inside details of business, but he lost his father in 1992. Along with regular loses in the business, another major blow - fire broke out in the warehouse. Everything burned to the ground. As advised by his mother, this gentleman compensated to all of those whose goods got destroyed in the fire.
- Due to financial crisis, young man had to choose between the transportation businesses or taking charge of the small family-owned cinema hall called "Priya" in Vasant Vihar, New Delhi India. Following his love for cinema, he chose the latter.
- The first thing he did in Priya was to install Dolby Sound Systems, added a dash of pink colour to the grey interiors, got the toilets cleaned and provided his staff with uniforms, attracted brands like McDonald's, Archie's and Nirula's for the first time in Indian cinema history. As a result of positive thinking and right direction, Priya had grown 10x in the blink of an eye.
- Strong desire for expansion and limited funds, he entered a 60:40 Joint Venture with Village Roadshows, An Australian distributor. In 1995, Priya Village Roadshows (PVR) was born.
- In 1997, PVR set up India's first multiplex cinema in Saket, Delhi. The idea was simple - Four cinemas under one roof with 24 shows daily. The concept became a rockstar, and PVR expanded to 2 more screens in Delhi.
- By the year 2000, PVR was operating on 12 screens. It had over 100 CRs worth of projects across 50 screens. Mr. Ajay Bijli was becoming the Cinema Man of India, but after 9/11, Village Roadshows pulled out of the JV, and Ajay was back by himself again.
- After receiving initial funding from banks in 2003, PVR expanded in all major metro cities of India.
- In 2006, PVR went to IPO and secured 250 Crore Indian rupees from the market.
- PVR operated on a total of 120 screens across the country, acquired other brands i.e. Cinemax and INOX.
- Today, PVR operates 1650 screens across 70+ cities and has a valuation of 17,000 CR+
- Mr. Ajay Bijli has won many awards but his most deserving one - "The Cinema Man of India."






## SIKH MATRIMONIALS

Gursikh girl 28/5'7"/MBA/PGD NIAGARA COLLEGE, TORONTO/Working on Study Permit/ Contact+91 99888 76028

Gursikh Boy 34/5'11"/Masters from Montreal Canada/ PR holder/ Software Developer/Father Business Mother Retired Teacher Contact +91 98108 20046

ਪੰਨਾ 3 'ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. D 2. D 3. D 4. D 5. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Manmeet Kaur (UK), Taranpreet Singh (India), Harman Singh (Canada)



email: canadasikhtimes@gmail.com, M: +1 437 673 7555